

# ਸਕੂਲ ਵਿੱਚ ਹਾਜ਼ਰੀ ਸੁਧਾਰਨ ਲਈ ਮਿਲ ਕੇ ਕੰਮ ਕਰਨਾ

## *ਸਕੂਲਾਂ ਲਈ ਟੂਲਕਿੱਟ*

ਸਕੂਲ ਹਾਜ਼ਰੀ ਦੇ ਸੰਬੰਧ ਵਿੱਚ ਸਥਾਨਕ ਅਥਾਰਟੀਆਂ ਅਤੇ ਸਕੂਲਾਂ ਲਈ ਨਵੀਆਂ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਲਾਗੂ ਕਰਨ ਦੀ ਤਿਆਰੀ ਵਿੱਚ, ਇੱਥੇ ਅਜਿਹੀ ਜਾਣਕਾਰੀ ਦੇ ਨਾਲ ਟੂਲਕਿੱਟ ਦਿੱਤੀ ਗਈ ਹੈ ਜੋ ਤੁਹਾਡੇ ਮਾਪਿਆਂ ਨੂੰ ਸੁਨੇਹਾ ਦੇਣ ਵੇਲੇ ਤੁਹਾਡੇ ਲਈ ਉਪਯੋਗੀ ਹੋ ਸਕਦੀ ਹੈ।

- **ਵੈੱਬਸਾਈਟ ਦੀ ਸਮੱਗਰੀ**
- **ਸਕੂਲ ਦੇ ਨਿਊਜ਼ਲੈਟਰ**
- **ਪੱਤਰ ਦੀ ਸਮੱਗਰੀ**
- **ਸੋਸ਼ਲ ਮੀਡੀਆ**
- **ਟੈਕਸਟ**

CITY OF WOLVERHAMPTON COUNCIL

# ਵੈੱਬਸਾਈਟ ਦੀ ਸਮੱਗਰੀ

**ਮਹੱਤਵਪੂਰਨ ਅੱਪਡੇਟ: ਸਿੱਖਿਆ-ਸੰਬੰਧਿਤ ਪੈਨਲਟੀ ਨੋਟਿਸਾਂ ਵਿੱਚ ਤਬਦੀਲੀ**

ਤੁਸੀਂ ਸ਼ਾਇਦ ਜਾਣਦੇ ਹੋਵੋਗੇ ਕਿ ਸਿੱਖਿਆ ਵਿਭਾਗ ਨੇ ਹਾਲ ਹੀ ਵਿੱਚ ਪੈਨਲਟੀ ਨੋਟਿਸਾਂ ਵਿੱਚ ਰਾਸ਼ਟਰੀ ਤਬਦੀਲੀਆਂ ਦਾ ਐਲਾਨ ਕੀਤਾ ਹੈ।

ਇਹ ਟਰਮ ਸਮੇਂ ਵਿੱਚ ਅਣਅਧਿਕਾਰਤ ਗੈਰਹਾਜ਼ਰੀ ਲਈ ਜਾਰੀ ਕੀਤਾ ਗਿਆ ਹੈ ਅਤੇ 19 ਅਗਸਤ 2024 ਨੂੰ ਪ੍ਰਭਾਵੀ ਹੋਵੇਗਾ।

**ਕੀ ਬਦਲ ਰਿਹਾ ਹੈ?**

19 ਅਗਸਤ 2024 ਤੋਂ ਸ਼ੁਰੂ ਕਰਦੇ ਹੋਏ, ਅਪਰਾਧਾਂ ਲਈ ਜਾਰੀ ਕੀਤੇ ਗਏ ਪੈਨਲਟੀ ਨੋਟਿਸਾਂ ਲਈ ਪ੍ਰਤੀ ਬੱਚਾ ਪ੍ਰਤੀ ਮਾਤਾ/ਪਿਤਾ £160 ਦੀ ਨਵੀਂ ਦਰ ਨਾਲ ਚਾਰਜ ਲਿਆ ਜਾਵੇਗਾ। ਹਾਲਾਂਕਿ, ਜੇ 21 ਦਿਨਾਂ ਦੇ ਅੰਦਰ ਭੁਗਤਾਨ ਕੀਤਾ ਜਾਂਦਾ ਹੈ, ਤਾਂ ਰਕਮ ਘੱਟ ਕੇ £80 ਹੋ ਜਾਂਦੀ ਹੈ।

**ਇਹ ਮਾਇਨੇ ਕਿਉਂ ਰੱਖਦਾ ਹੈ?**

ਤੁਹਾਡੇ ਬੱਚੇ ਦੀ ਵਿਦਿਅਕ ਤਰੱਕੀ ਲਈ ਸਕੂਲ ਵਿੱਚ ਨਿਯਮਿਤ ਹਾਜ਼ਰੀ ਬਹੁਤ ਜ਼ਰੂਰੀ ਹੈ। ਹਾਜ਼ਰ ਹੋਣ ਨਾਲ ਬੱਚਿਆਂ ਨੂੰ ਸਥਾਈ ਦੋਸਤੀ ਬਣਾਉਣ, ਜ਼ਰੂਰੀ ਅੰਤਰ-ਵਿਅਕਤੀਗਤ ਹੁਨਰ ਵਿਕਸਿਤ ਕਰਨ, ਅਤੇ ਬਿਹਤਰ ਮਾਨਸਿਕ ਸਿਹਤ ਅਤੇ ਸਮੁੱਚੀ ਤੰਦਰੁਸਤੀ ਵਿੱਚ ਯੋਗਦਾਨ ਪਾਉਣ ਦਾ ਮੌਕਾ ਮਿਲਦਾ ਹੈ।

**ਅਣਅਧਿਕਾਰਤ ਗੈਰਹਾਜ਼ਰੀਆਂ ਅਤੇ ਜੁਰਮਾਨੇ:**

- ਮਾਤਾ-ਪਿਤਾ ਨੂੰ ਰਾਸ਼ਟਰੀ ਢਾਂਚੇ ਦੇ ਥ੍ਰੈਸ਼ਹੋਲਡ (ਸ਼ੁਰੂਆਤੀ-ਅਧਾਰ) ਬਾਰੇ ਪਤਾ ਹੋਣਾ ਚਾਹੀਦਾ ਹੈ।
- ਪਹਿਲੀ ਵਾਰ ਅਪਰਾਧ ਕਰਨ ਵਾਲਿਆਂ ਨੂੰ ਪ੍ਰਤੀ ਬੱਚਾ ਪ੍ਰਤੀ ਮਾਤਾ/ਪਿਤਾ £160 ਦਾ ਜੁਰਮਾਨਾ ਦੇਣਾ ਹੋਵੇਗਾ, ਜੋ 21 ਦਿਨਾਂ ਦੇ ਅੰਦਰ ਭੁਗਤਾਨ ਕਰਨ 'ਤੇ ਘੱਟ ਕੇ £80 ਹੋ ਜਾਵੇਗਾ।
- ਦੂਜੀ ਵਾਰ ਅਪਰਾਧ ਕਰਨ ਵਾਲਿਆਂ (3 ਸਾਲਾਂ ਦੇ ਅੰਦਰ) ਨੂੰ ਪ੍ਰਤੀ ਮਾਤਾ/ਪਿਤਾ, ਪ੍ਰਤੀ ਬੱਚਾ £160 ਦਾ ਭੁਗਤਾਨ ਕਰਨਾ ਹੋਵੇਗਾ।
- ਤੀਜੇ ਅਪਰਾਧ 'ਤੇ ਕਾਨੂੰਨੀ ਕਾਰਵਾਈ ਅਤੇ £1000 ਤੱਕ ਦਾ ਜੁਰਮਾਨਾ ਹੋ ਸਕਦਾ ਹੈ।

**ਆਪਣੇ ਬੱਚੇ ਦੀ ਸਿੱਖਿਆ ਦੀ ਰੱਖਿਆ ਕਰੋ:**

ਸੂਚਿਤ ਰਹੋ ਅਤੇ ਤਬਦੀਲੀਆਂ ਅਤੇ ਉਹ ਤੁਹਾਡੇ ਬੱਚੇ ਦੀ ਹਾਜ਼ਰੀ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ ਬਾਰੇ ਪੂਰੇ ਵੇਰਵਿਆਂ ਲਈ ***XX*** *(school to include link to own page that includes details about attendance)* 'ਤੇ ਜਾਓ।

'ਰਾਸ਼ਟਰੀ ਢਾਂਚਾ ਥ੍ਰੈਸ਼ਹੋਲਡ' ਬਾਰੇ ਹੋਰ ਵੇਰਵੇ ਇੱਥੇ ਮਿਲ ਸਕਦੇ ਹਨ:

*ਸਕੂਲ ਵਿੱਚ ਹਾਜ਼ਰੀ ਸੁਧਾਰਨ ਲਈ ਮਿਲ ਕੇ ਕੰਮ ਕਰਨਾ (19 ਅਗਸਤ 2024 ਤੋਂ ਲਾਗੂ ਹੁੰਦਾ ਹੈ) (publishing.service.gov.uk)* ਪੰਨਾ 54.

ਸਕੂਲ ਤੁਹਾਡੀ ਸਹਾਇਤਾ ਕਰਨ ਲਈ ਮੌਜੂਦ ਹੈ, ਜੇ ਤੁਸੀਂ ਉੱਪਰ ਦਿੱਤੀ ਗਈ ਕਿਸੇ ਵੀ ਗੱਲ 'ਤੇ ਚਰਚਾ ਕਰਨੀ ਚਾਹੁੰਦੇ ਹੋ ਤਾਂ ਸੰਪਰਕ ਕਰੋ।

# ਸਕੂਲ ਦੇ ਨਿਊਜ਼ਲੈਟਰ

**ਮਹੱਤਵਪੂਰਨ ਅੱਪਡੇਟ: ਟਰਮ ਸਮੇਂ ਦੌਰਾਨ ਅਣਅਧਿਕਾਰਤ ਛੁੱਟੀ 'ਤੇ**

ਅਸੀਂ ਸਾਰੇ ਮਾਪਿਆਂ ਅਤੇ ਸਰਪ੍ਰਸਤਾਂ ਨੂੰ ਟਰਮ ਸਮੇਂ ਦੌਰਾਨ ਅਣਅਧਿਕਾਰਤ ਗੈਰਹਾਜ਼ਰੀਆਂ ਲਈ ਪੈਨਲਟੀ ਨੋਟਿਸਾਂ ਵਿੱਚ ਮਹੱਤਵਪੂਰਨ ਤਬਦੀਲੀਆਂ ਬਾਰੇ ਸੂਚਿਤ ਕਰਨਾ ਚਾਹੁੰਦੇ ਹਾਂ ਜੋ 19 ਅਗਸਤ 2024 ਤੋਂ ਪ੍ਰਭਾਵ ਹੋਣਗੀਆਂ।

*ਤੁਹਾਨੂੰ ਕੀ ਜਾਣਨ ਦੀ ਲੋੜ ਹੈ:*

- ਨਵੀਆਂ ਪੈਨਲਟੀ ਦਰਾਂ: £160 ਪ੍ਰਤੀ ਮਾਤਾ/ਪਿਤਾ ਪ੍ਰਤੀ ਬੱਚਾ। ਜੇ 21 ਦਿਨਾਂ ਦੇ ਅੰਦਰ ਨਿਪਟਾਇਆ ਜਾਂਦਾ ਹੈ ਤਾਂ £80 ਦਾ ਭੁਗਤਾਨ ਕਰੋ।
- ਦੂਜੀ ਪੈਨਲਟੀ: ਬਿਨਾਂ ਕਿਸੇ ਛੋਟ ਦੇ £160, ਜੇ ਉਸੇ ਬੱਚੇ ਲਈ 3 ਸਾਲਾਂ ਦੇ ਅੰਦਰ ਜਾਰੀ ਕੀਤਾ ਜਾਂਦਾ ਹੈ।
- ਥ੍ਰੈਸ਼ਹੋਲਡ (ਸ਼ੁਰੂਆਤੀ-ਅਧਾਰ): 10 ਸਕੂਲੀ ਹਫ਼ਤਿਆਂ ਵਿੱਚ ਅਣਅਧਿਕਾਰਤ ਗੈਰਹਾਜ਼ਰੀ ਦੇ 10 ਸੈਸ਼ਨਾਂ (5 ਦਿਨ) ਤੋਂ ਬਾਅਦ ਪੈਨਲਟੀ ਨੋਟਿਸ (ਵੁਲਵਰਹੈਂਪਟਨ ਸਿਟੀ ਕੌਂਸਲ ਦੇ ਪੈਨਲਟੀ ਨੋਟਿਸ ਬਾਰੇ ਵਿਹਾਰ ਦੇ ਜ਼ਾਬਤੇ ਦੇ ਅਨੁਸਾਰ)।
- ਸੀਮਾ: 3 ਸਾਲਾਂ ਦੇ ਅੰਦਰ ਪ੍ਰਤੀ ਬੱਚਾ ਅਧਿਕਤਮ 2 ਪੈਨਲਟੀ ਨੋਟਿਸ। ਹੋਰ ਅਪਰਾਧਾਂ ਦੇ ਨਤੀਜੇ ਵਜੋਂ ਮੁਕੱਦਮਾ ਚਲਾਇਆ ਜਾ ਸਕਦਾ ਹੈ।

ਇਹ ਤਬਦੀਲੀਆਂ ਤੁਹਾਡੇ ਬੱਚੇ ਦੀ ਸਿੱਖਿਆ ਲਈ ਸਕੂਲ ਵਿੱਚ ਇਕਸਾਰ ਹਾਜ਼ਰੀ ਦੀ ਮਹੱਤਤਾ 'ਤੇ ਜ਼ੋਰ ਦਿੰਦੀਆਂ ਹਨ। ਵਿਸਤ੍ਰਿਤ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਸਕੂਲ ਦੇ ਦਫ਼ਤਰ ਵਿੱਚ ਜਾਓ ਜਾਂ ਸਾਡੇ ਨਾਲ ਸਿੱਧਾ ਸੰਪਰਕ ਕਰੋ।

# ਚਿੱਠੀ ਦਾ ਟੈਂਪਲੇਟ

**ਮਹੱਤਵਪੂਰਨ ਅੱਪਡੇਟ: ਟਰਮ ਸਮੇਂ ਦੌਰਾਨ ਅਣਅਧਿਕਾਰਤ ਛੁੱਟੀ ਵਿੱਚ ਤਬਦੀਲੀਆਂ**

ਪਿਆਰੇ ਮਾਪਿਓ ਅਤੇ ਸਰਪ੍ਰਸਤੋ,

ਅਸੀਂ ਤੁਹਾਨੂੰ ਟਰਮ ਸਮੇਂ ਦੌਰਾਨ ਅਣਅਧਿਕਾਰਤ ਗੈਰਹਾਜ਼ਰੀ ਦੇ ਸੰਬੰਧ ਵਿੱਚ ਸਿੱਖਿਆ ਵਿਭਾਗ ਦੁਆਰਾ ਘੋਸ਼ਿਤ ਕੀਤੀਆਂ ਗਈਆਂ ਹਾਲੀਆ ਤਬਦੀਲੀਆਂ ਬਾਰੇ ਸੂਚਿਤ ਕਰਨਾ ਚਾਹੁੰਦੇ ਹਾਂ। ਇਹ ਤਬਦੀਲੀਆਂ 19 ਅਗਸਤ 2024 ਤੋਂ ਲਾਗੂ ਹੋਣਗੀਆਂ।

*ਧਿਆਨ ਦੇਣ ਲਈ ਮੁੱਖ ਤਬਦੀਲੀਆਂ:*

- ਨਵੀਆਂ ਪੈਨਲਟੀ ਦਰਾਂ: 19 ਅਗਸਤ 2024 ਤੋਂ, ਅਣਅਧਿਕਾਰਤ ਗੈਰਹਾਜ਼ਰੀਆਂ ਲਈ ਪੈਨਲਟੀ ਨੋਟਿਸਾਂ 'ਤੇ ਪ੍ਰਤੀ ਮਾਤਾ/ਪਿਤਾ ਪ੍ਰਤੀ ਬੱਚਾ £160 ਵਸੂਲੇ ਜਾਣਗੇ। ਜੇ 21 ਦਿਨਾਂ ਦੇ ਅੰਦਰ ਭੁਗਤਾਨ ਕੀਤਾ ਜਾਂਦਾ ਹੈ, ਤਾਂ ਰਕਮ ਘੱਟ ਕੇ £80 ਹੋ ਜਾਵੇਗੀ।
- ਦੂਜੇ ਅਪਰਾਧ ਲਈ ਪੈਨਲਟੀ: ਜੇ 3-ਸਾਲ ਦੀ ਮਿਆਦ ਦੇ ਅੰਦਰ ਉਸੇ ਬੱਚੇ ਲਈ ਦੂਸਰਾ ਪੈਨਲਟੀ ਨੋਟਿਸ ਜਾਰੀ ਕੀਤਾ ਜਾਂਦਾ ਹੈ, ਤਾਂ ਚਾਰਜ £160 ਹੋਵੇਗਾ, ਜਿਸਦਾ ਬਿਨਾਂ ਕਿਸ ਕਿਸੇ ਛੂਟ ਦੇ, 28 ਦਿਨਾਂ ਦੇ ਅੰਦਰ ਭੁਗਤਾਨ ਕਰਨਾ ਹੋਵੇਗਾ।
- ਪੈਨਲਟੀ ਨੋਟਿਸਾਂ ਲਈ ਥ੍ਰੈਸ਼ਹੋਲਡ (ਸ਼ੁਰੂਆਤੀ-ਅਧਾਰ): ਜੇ ਰੋਲਿੰਗ 10-ਸਕੂਲੀ ਹਫ਼ਤਿਆਂ ਦੀ ਮਿਆਦ ਦੇ ਅੰਦਰ 10 ਸੈਸ਼ਨਾਂ (5 ਦਿਨਾਂ ਦੇ ਬਰਾਬਰ) ਦੀ ਅਣਅਧਿਕਾਰਤ ਗੈਰਹਾਜ਼ਰੀ ਹੁੰਦੀ ਹੈ ਤਾਂ ਪੈਨਲਟੀ ਨੋਟਿਸ 'ਤੇ ਵਿਚਾਰ ਕੀਤਾ ਜਾਵੇਗਾ। ਇਸ ਵਿੱਚ ਰਜਿਸਟਰ ਬੰਦ ਹੋਣ ਤੋਂ ਬਾਅਦ ਦੇਰ ਨਾਲ ਆਉਣਾ ਸ਼ਾਮਲ ਹੈ। 10 ਸਕੂਲੀ ਹਫ਼ਤੇ ਵੱਖ-ਵੱਖ ਟਰਮਾਂ ਜਾਂ ਸਕੂਲੀ ਸਾਲਾਂ ਵਿੱਚ ਫੈਲੇ ਹੋ ਸਕਦੇ ਹਨ।
- ਪੈਨਲਟੀ ਨੋਟਿਸਾਂ 'ਤੇ ਸੀਮਾ: 3-ਸਾਲ ਦੀ ਮਿਆਦ ਦੇ ਅੰਦਰ ਇੱਕੋ ਬੱਚੇ ਲਈ ਮਾਪਿਆਂ ਨੂੰ ਵੱਧ ਤੋਂ ਵੱਧ 2 ਪੈਨਲਟੀ ਨੋਟਿਸ ਜਾਰੀ ਕੀਤੇ ਜਾ ਸਕਦੇ ਹਨ। ਹੋਰ ਅਪਰਾਧਾਂ ਦੇ ਨਤੀਜੇ ਵਜੋਂ ਮੁਕੱਦਮਾ ਚਲਾਇਆ ਜਾ ਸਕਦਾ ਹੈ ਜਾਂ ਹੋਰ ਕਾਨੂੰਨੀ ਦਖਲਅੰਦਾਜ਼ੀ ਕੀਤੀ ਜਾ ਸਕਦੀ ਹੈ।

**ਸਪੱਸ਼ਟਤਾ ਲਈ ਉਦਾਹਰਨਾਂ:**

1. 19 ਅਗਸਤ 2024 ਤੋਂ ਪਹਿਲਾਂ ਗੈਰਹਾਜ਼ਰੀਆਂ: ਜੇ ਅਣਅਧਿਕਾਰਤ ਗੈਰਹਾਜ਼ਰੀ 19 ਅਗਸਤ 2024 ਤੋਂ ਪਹਿਲਾਂ ਹੁੰਦੀ ਹੈ, ਤਾਂ ਪੈਨਲਟੀ ਨੋਟਿਸ ਮੌਜੂਦਾ ਨਿਯਮਾਂ ਅਤੇ ਦਰਾਂ (£60/£120) ਦੇ ਅਨੁਸਾਰ ਹੋਵੇਗਾ। ਇਹਨਾਂ ਗੈਰਹਾਜ਼ਰੀਆਂ ਨੂੰ ਨਵੇਂ ਵਧਾਏ ਗਏ ਨਿਯਮਾਂ ਵਿੱਚ ਨਹੀਂ ਗਿਣਿਆ ਜਾਵੇਗਾ।

   ਉਦਾਹਰਨ ਲਈ, ਜੇ ਕੋਈ ਮਾਤਾ/ਪਿਤਾ ਜੁਲਾਈ 2024 ਵਿੱਚ ਬੱਚੇ ਨੂੰ 10 ਸੈਸ਼ਨਾਂ ਲਈ ਸਕੂਲ ਤੋਂ ਬਾਹਰ ਲਿਜਾਉਂਦਾ ਹੈ ਤਾਂ ਉਸ ਨੂੰ ਪੁਰਾਣੇ ਨਿਯਮਾਂ ਦੇ ਤਹਿਤ ਜੁਰਮਾਨੇ ਦਾ ਨੋਟਿਸ ਮਿਲੇਗਾ, ਭਾਵੇਂ ਨੋਟਿਸ ਸਤੰਬਰ ਵਿੱਚ ਜਾਰੀ ਕੀਤਾ ਜਾਵੇ।
2. 19 ਅਗਸਤ 2024 ਤੋਂ ਬਾਅਦ ਗੈਰਹਾਜ਼ਰੀਆਂ: 19 ਅਗਸਤ 2024 ਤੋਂ ਬਾਅਦ ਹੋਣ ਵਾਲੀਆਂ ਅਣਅਧਿਕਾਰਤ ਗੈਰਹਾਜ਼ਰੀਆਂ ਲਈ, ਨਵੇਂ ਨਿਯਮ ਅਤੇ ਦਰਾਂ (£80/£160) ਲਾਗੂ ਹੋਣਗੀਆਂ। ਇਹਨਾਂ ਨੂੰ ਨਵੇਂ ਵਧਾਏ ਗਏ ਨਿਯਮਾਂ ਹੇਠ ਗਿਣਿਆ ਜਾਵੇਗਾ।

ਉਦਾਹਰਨ ਲਈ, ਸਤੰਬਰ 2024 ਵਿੱਚ ਬੱਚੇ ਨੂੰ 5 ਦਿਨਾਂ ਲਈ ਸਕੂਲ ਤੋਂ ਬਾਹਰ ਲਿਜਾਉਣ ਵਾਲੇ ਮਾਤਾ/ਪਿਤਾ ਨਵੇਂ ਵਿਨਿਯਮਾਂ ਦੇ ਅਧੀਨ ਹੋਣਗੇ।

ਸਾਨੂੰ ਉਮੀਦ ਹੈ ਕਿ ਇਹ ਜਾਣਕਾਰੀ ਨਵੀਆਂ ਤਬਦੀਲੀਆਂ ਨੂੰ ਸਪੱਸ਼ਟ ਕਰਨ ਵਿੱਚ ਮਦਦ ਕਰੇਗੀ। ਨਿਯਮਿਤ ਹਾਜ਼ਰੀ ਨੂੰ ਯਕੀਨੀ ਬਣਾਉਣਾ ਤੁਹਾਡੇ ਬੱਚੇ ਦੀ ਸਿੱਖਿਆ ਅਤੇ ਵਿਕਾਸ ਲਈ ਮਹੱਤਵਪੂਰਨ ਹੈ।

ਹੋਰ ਵੇਰਵਿਆਂ ਲਈ ਜਾਂ ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਸਕੂਲ ਦੇ ਦਫ਼ਤਰ ਨਾਲ ਸੰਪਰਕ ਕਰੋ।

*ਸਤਿਕਾਰ ਸਹਿਤ,*

[Your School's Name]

# ਸੋਸ਼ਲ ਮੀਡੀਆ ਪੋਸਟਾਂ

⭐ ਮਹੱਤਵਪੂਰਨ ਅੱਪਡੇਟ: ਮਾਪਿਆਂ ਲਈ ⭐

19 ਅਗਸਤ 2024 ਤੋਂ ਸ਼ੁਰੂ ਕਰਦੇ ਹੋਏ, ਅਣਅਧਿਕਾਰਤ ਗੈਰਹਾਜ਼ਰੀਆਂ ਲਈ ਨਵੇਂ ਦਿਸ਼ਾ-ਨਿਰਦੇਸ਼ ਹੋਣਗੇ:

ਮੁੱਖ ਨੁਕਤੇ:

1. ਨਵੀਆਂ ਪੈਨਲਟੀ ਦਰਾਂ: £160 ਪ੍ਰਤੀ ਮਾਤਾ/ਪਿਤਾ ਪ੍ਰਤੀ ਬੱਚਾ, ਜੇ 21 ਦਿਨਾਂ ਦੇ ਅੰਦਰ ਭੁਗਤਾਨ ਕੀਤਾ ਜਾਂਦਾ ਹੈ ਤਾਂ £80।
2. 3 ਸਾਲਾਂ ਦੇ ਅੰਦਰ ਦੂਜਾ ਅਪਰਾਧ: ਬਿਨਾਂ ਕਿਸੇ ਛੋਟ ਦੇ £160।
3. 10 ਸਕੂਲੀ ਹਫ਼ਤਿਆਂ ਵਿੱਚ 10 ਸੈਸ਼ਨਾਂ (5 ਦਿਨਾਂ) ਦੀ ਅਣਅਧਿਕਾਰਤ ਗੈਰਹਾਜ਼ਰੀ ਤੋਂ ਬਾਅਦ ਪੈਨਲਟੀ।
4. 3 ਸਾਲਾਂ ਵਿੱਚ ਅਧਿਕਤਮ 2 ਪੈਨਲਟੀਆਂ। ਅੱਗੇ ਹੋਰ ਅਪਰਾਧਾਂ ਦੇ ਕਾਰਨ ਮੁਕੱਦਮਾ ਚਲਾਇਆ ਜਾ ਸਕਦਾ ਹੈ।

ਨਿਯਮਿਤ ਹਾਜ਼ਰੀ ਤੁਹਾਡੇ ਬੱਚੇ ਦੀ ਸਫਲ ਹੋਣ ਵਿੱਚ ਮਦਦ ਕਰਦੀ ਹੈ! ਜੇ ਤੁਹਾਡੇ ਕੋਈ ਸਵਾਲ ਹਨ ਤਾਂ ਸਾਡੇ ਨਾਲ ਸੰਪਰਕ ਕਰੋ। 📚🖊️

---

ਪੈਨਲਟੀ ਨੋਟਿਸ ਵਿੱਚ ਤਬਦੀਲੀਆਂ: ⚠️

- ਟਰਮ ਸਮੇਂ ਵਿੱਚ ਅਣਅਧਿਕਾਰਤ ਛੁੱਟੀਆਂ ਦੇ ਨਤੀਜੇ ਵਜੋਂ ਜੁਰਮਾਨੇ ਹੋ ਸਕਦੇ ਹਨ।
- ਮਾਪਿਓ, ਰਾਸ਼ਟਰੀ ਢਾਂਚਾ ਥ੍ਰੈਸ਼ਹੋਲਡ (ਸ਼ੁਰੂਆਤੀ-ਅਧਾਰ) ਬਾਰੇ ਜਾਣਕਾਰ ਬਣੋ।
- ਪਹਿਲੀ ਵਾਰ ਅਪਰਾਧ ਕਰਨ ਵਾਲਿਆਂ ਨੂੰ ਪ੍ਰਤੀ ਮਾਤਾ/ਪਿਤਾ, ਪ੍ਰਤੀ ਬੱਚਾ £80 ਦਾ ਜੁਰਮਾਨਾ ਦੇਣਾ ਪਵੇਗਾ (ਜੇ 21 ਦਿਨਾਂ ਦੇ ਅੰਦਰ ਭੁਗਤਾਨ ਕੀਤਾ ਜਾਂਦਾ ਹੈ), ਜੋ 22 ਤੋਂ 28 ਦਿਨਾਂ ਦੇ ਵਿਚਕਾਰ ਭੁਗਤਾਨ ਕਰਨ 'ਤੇ ਵੱਧ ਕੇ £160 ਹੋ ਜਾਵੇਗਾ।
- ਦੂਜੀ ਵਾਰ ਅਪਰਾਧ ਕਰਨ ਵਾਲਿਆਂ (3 ਸਾਲਾਂ ਦੇ ਅੰਦਰ) ਨੂੰ ਪ੍ਰਤੀ ਮਾਤਾ/ਪਿਤਾ, ਪ੍ਰਤੀ ਬੱਚਾ £160 ਦਾ ਭੁਗਤਾਨ ਕਰਨਾ ਹੋਵੇਗਾ।
- ਤੀਜੇ ਅਪਰਾਧ 'ਤੇ ਕਾਨੂੰਨੀ ਕਾਰਵਾਈ ਅਤੇ £1000 ਤੱਕ ਦੇ ਜੁਰਮਾਨੇ ਹੋ ਸਕਦੇ ਹਨ। ਆਪਣੇ ਬੱਚੇ ਦੀ ਸਿੱਖਿਆ ਦੀ ਰੱਖਿਆ ਕਰੋ!

📝 ਹੋਰ ਜਾਣਕਾਰੀ ਲਈ https://www.wolverhampton.gov.uk/education-and-schools/school-attendance 'ਤੇ ਜਾਓ।

---

📚 ਮਾਪਿਓ, ਕਿਰਪਾ ਕਰਕੇ ਹਾਜ਼ਰੀ ਅਤੇ ਅਣਅਧਿਕਾਰਤ ਗੈਰਹਾਜ਼ਰੀ ਸੰਬੰਧੀ ਨਵੇਂ ਵਿਨਿਯਮਾਂ ਬਾਰੇ ਜਾਣਕਾਰ ਬਣੋ।
ਕਿਸੇ ਵੀ ਪੈਨਲਟੀਆਂ ਤੋਂ ਬਚਣ ਲਈ ਤਬਦੀਲੀਆਂ ਬਾਰੇ ਜਾਣੋ।

📝 ਹੋਰ ਜਾਣਕਾਰੀ ਲਈ https://www.wolverhampton.gov.uk/education-and-schools/school-attendance 'ਤੇ ਜਾਓ।

---

ਹਾਜ਼ਰੀ ਮਾਇਨੇ ਰੱਖਦੀ ਹੈ: 📚
ਤੁਹਾਡੇ ਬੱਚੇ ਦੀ ਪ੍ਰਾਪਤੀ, ਤੰਦਰੁਸਤੀ, ਅਤੇ ਸਮੁੱਚੇ ਵਿਕਾਸ ਲਈ ਸਕੂਲ ਵਿੱਚ ਨਿਯਮਿਤ ਹਾਜ਼ਰੀ ਮਹੱਤਵਪੂਰਨ ਹੈ। ਸਬੂਤ ਦਿਖਾਉਂਦੇ ਹਨ ਕਿ ਉੱਚ ਹਾਜ਼ਰੀ ਵਾਲੇ ਵਿਦਿਆਰਥੀ ਇਮਤਿਹਾਨਾਂ ਅਤੇ ਮੁਲਾਂਕਣਾਂ ਵਿੱਚ ਬਿਹਤਰ ਪ੍ਰਦਰਸ਼ਨ ਕਰਦੇ ਹਨ।

ਆਓ ਉਹਨਾਂ ਹਾਜ਼ਰੀ ਰਿਕਾਰਡਾਂ ਨੂੰ ਮਜ਼ਬੂਤ ਰੱਖੀਏ! 💪

# ਟੈਕਸਟ ਸੁਨੇਹਾ

ਸਕੂਲ ਨੋਟਿਸ:

19 ਅਗਸਤ 2024 ਤੋਂ ਅਣਅਧਿਕਾਰਤ ਛੁੱਟੀ ਦੀਆਂ ਪੈਨਲਟੀਆਂ ਵਿੱਚ ਤਬਦੀਲੀਆਂ। £160 ਪ੍ਰਤੀ ਮਾਤਾ/ਪਿਤਾ ਪ੍ਰਤੀ ਬੱਚਾ (ਜੇ 21 ਦਿਨਾਂ ਵਿੱਚ ਭੁਗਤਾਨ ਕੀਤਾ ਜਾਂਦਾ ਹੈ ਤਾਂ £80)। ਹੋਰ ਜਾਣਕਾਰੀ ਲਈ ਸਾਡੀ ਵੈੱਬਸਾਈਟ ਦੇਖੋ ਜਾਂ ਸਕੂਲ ਦੇ ਦਫ਼ਤਰ ਨਾਲ ਸੰਪਰਕ ਕਰੋ।

---

⭐ ਮਾਪਿਆਂ ਲਈ ਮਹੱਤਵਪੂਰਨ ਅੱਪਡੇਟ ⭐

ਅਣਅਧਿਕਾਰਤ ਛੁੱਟੀ ਦੀਆਂ ਪੈਨਲਟੀਆਂ ਵਿੱਚ ਤਬਦੀਲੀਆਂ 19 ਅਗਸਤ 2024 ਤੋਂ ਸ਼ੁਰੂ ਹੁੰਦੀਆਂ ਹਨ! ਵੇਰਵਿਆਂ ਲਈ ਸਕੂਲ ਦੀ ਵੈੱਬਸਾਈਟ 'ਤੇ ਜਾਓ।

ਇਸ ਟੂਲਕਿੱਟ ਦੀ ਵਰਤੋਂ ਕਰਕੇ, ਸਕੂਲ ਸਪੱਸ਼ਟਤਾ ਅਤੇ ਸਮਝ ਨੂੰ ਯਕੀਨੀ ਬਣਾਉਂਦੇ ਹੋਏ, ਵੱਖ-ਵੱਖ ਪਲੇਟਫਾਰਮਾਂ 'ਤੇ ਮਾਪਿਆਂ ਨੂੰ ਅਣਅਧਿਕਾਰਤ ਛੁੱਟੀ ਦੀਆਂ ਪੈਨਲਟੀਆਂ ਵਿੱਚ ਤਬਦੀਲੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰਿਤ ਕਰ ਸਕਦੇ ਹਨ।

ਜੇ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਕਿਰਪਾ ਕਰਕੇ attendanceandinclusion@wolverhampton.gov.uk 'ਤੇ ਈਮੇਲ ਕਰਕੇ ਅਟੈਂਡੰਸ ਟੀਮ ਨਾਲ ਸੰਪਰਕ ਕਰੋ